Maharaja Ranjit Singh Punjab Technical University
Badal Road, Bathinda -151001
(Established by Govt. of Punjab vide Punjab Act No. 5 of 2015)
ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਾਦਲ ਰੋਡ, ਬਠਿੰਡਾ

**DIRECTORATE OF SPORTS & YOUTH WELFARE**

Prof.(Dr.)Bhupinder Pal Singh Dhot
Director, Sports &Youth Welfare

Ref. No. MRSPTU/Cul/ 993
Date: 07/11/2024

**ਵੱਲ,**

ਪ੍ਰਿੰਸੀਪਲ/ਡਾਇਰੈਕਟਰ,
ਸਮੂਹ ਐਫੀਲਿਏਟਡ, ਕੰਸਚਟੀਟਿਊਸ਼ਨ ਕਾਲਜ

**ਵਿਸ਼ਾ:- ਪੰਜਾਬ ਅੰਤਰ ਯੂਨੀਵਰਸਿਟੀ ਫੈਸਟੀਵਲ ਵਿਚੋ ਭਾਗ ਲਈ ਟਰਾਇਲ ਲੈਣ ਸਬੰਧੀ।**

ਪੰਜਾਬ ਅੰਤਰ-ਯੂਨੀਵਰਸਿਟੀ ਫੈਸਟੀਵਲ ਮਿਤੀ 28,29 ਅਤੇ 30 ਨਵੰਬਰ 2024 ਨੂੰ ਯੁਵਕ ਸੇਵਾਵਾਂ ਵਿਭਾਗ, ਪੰਜਾਬ ਵੱਲੋਂ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਯੂਨੀਵਰਸਿਟੀ ਵੱਲੋਂ ਜੋ 9th Inter Zonal Youth Festival 2024 ਮਿਤੀ 26-27 ਨਵੰਬਰ, 2024 ਨੂੰ ਕਰਵਾਇਆ ਜਾ ਰਿਹਾ ਹੈ, ਉਸ ਵਿੱਚ ਕੁਝ ਵੰਨਗੀਆਂ ਸ਼ਾਮਲ ਨਹੀਂ ਹਨ, ਸੋ ਉਨ੍ਹਾਂ ਦੇ ਟਰਾਇਲ ਮਿਤੀ 18, ਨਵੰਬਰ, 2024 ਸਵੇਰੇ 10:00 ਵਜੇ ਯੂਨੀਵਰਸਿਟੀ ਦੇ ਆਡੀਟੋਰਿਅਮ ਵਿਖੇ ਰੱਖੇ ਗਏ ਹਨ। ਇਹ ਵੰਨਗੀਆਂ ਹੇਠ ਲਿਖੀਆਂ ਹਨ:-

1. **ਸੰਗੀਤ ਆਈਟਮਾਂ**
   - I. ਸਮੂਹ ਗੀਤ (ਪੰਜਾਬੀ)
   - II. ਕਲੀ
   - III. ਕਵੀਸ਼ਰੀ
   - IV. ਰਵਾਇਤੀ ਲੋਕ ਗੀਤ (ਲੰਮੀਆਂ ਹੇਕ ਵਾਲੇ)
2. **ਰੰਗ ਮੰਚ ਆਈਟਮਾਂ**
   - I. ਭੰਡ
   - II. ਨੁੱਕੜ ਨਾਟਕ
   - III. ਲਘੂ ਚਲ ਚਿੱਤਰ
3. **ਵਿਰਾਸਤੀ ਕਲਾਵਾਂ**
   - I. ਕਢਾਈ ਬਾਗ
   - II. ਕਢਾਈ ਫੁਲਕਾਰੀ
   - III. ਪੱਖੀ ਬੁਣਨਾ
   - IV. ਨਾਲਾ ਬੁਣਨਾ
   - V. ਗੁੱਡੀਆਂ-ਪਟੋਲੇ ਬਣਾਉਣਾ
   - VI. ਪਰਾਦਾਂ ਬਣਾਉਣ

7/11/24

Maharaja Ranjit Singh Punjab Technical University
Badal Road, Bathinda -151001
(Established by Govt. of Punjab vide Punjab Act No. 5 of 2015)
ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਾਦਲ ਰੋਡ, ਬਠਿੰਡਾ

**DIRECTORATE OF SPORTS & YOUTH WELFARE**

VII. ਪੀੜ੍ਹੀ ਬੁਣਨਾ

VIII. ਈਨੂੰ/ ਬਿਨੂ ਬਣਾਉਣ

IX. ਟੋਕਰੀ ਬਣਾਉਣਾ

X. ਛਿੱਕੂ ਬਣਾਉਣਾ

**ਨੋਟ:-** ਚੁਣੇ ਹੋਏ ਵਿਦਿਆਰਥੀ ਹੀ ਪੰਜਾਬ ਅੰਤਰ-ਯੂਨੀਵਰਸਿਟੀ ਫੈਸਟੀਵਲ ਵਿੱਚ ਭਾਗ ਲੈ ਸਕਣਗੇ। ਟਰਾਇਲਾਂ ਲਈ ਸਾਰਾ ਸਮਾਨ, ਸਜਿੰਦੇ ਆਦਿ ਆਪਣੇ ਤੌਰ ਤੇ ਭਾਗੀਦਾਰ ਲੈ ਕੇ ਆਉਣਗੇ। ਯੂਨੀਵਰਸਿਟੀ ਵੱਲੋਂ ਸਿਰਫ਼ ਜਗ੍ਹਾ ਹੀ ਦਿੱਤੀ ਜਾਵੇਗੀ। ਇਸ ਟਰਾਇਲਾਂ ਲਈ ਭਾਗੀਦਾਰਾ ਦਾਂ ਖਾਣ-ਪੀਣ ਆਦਿ ਦਾ ਪ੍ਰਬੰਧ ਸਬੰਧਿਤ ਸੰਸਥਾ ਦਾ ਹੋਵੇਗਾ। ਟਰਾਇਲ ਵਿਚ ਭਾਗ ਲੈਣ ਵਾਲੀਆਂ ਟੀਮਾਂ ਜਾਂ ਉਹਨਾਂ ਦੇ ਇੰਚਾਰਜਾਂ ਨੂੰ ਆਉਣ ਜਾਣ ਦਾ ਕੋਈ ਵੀ ਖ਼ਰਚਾ ਨਹੀਂ ਦਿੱਤਾ ਜਾਵੇਗਾ। ਉਪਰੋਕਤ ਵੰਨਗੀਆਂ ਦੇ ਨਿਯਮਾਂ ਦੀ ਕਾਪੀ ਨਾਲ ਨੱਥੀ ਕਰਕੇ ਭੇਜੀ ਜਾ ਰਹੀ ਹੈ। ਜੱਜਾਂ ਦਾ ਫੈਸਲਾ ਅੰਤਿਮ ਹੋਵੇਗਾ। ਸਿਰਫ਼ ਉਨ੍ਹਾਂ ਵੰਨਗੀਆਂ ਵਿਚ ਪੰਜਾਬ ਅੰਤਰ ਯੂਨੀਵਰਸਿਟੀ ਫੈਸਟੀਵਲ ਵਿਚ ਭਾਗ ਲਿਆ ਜਾਵੇਗਾ, ਜਿਨ੍ਹਾਂ ਦੇ ਬਾਰੇ ਵਿਚ ਜੱਜ ਸਹਿਬਾਨਾਂ/ Observers ਵੱਲੋਂ ਸੁਝਾਅ ਆਉਣਗੇ। ਚੁਣੇ ਹੋਏ ਪ੍ਰਤੀਭਾਗੀ ਹੀ ਪੰਜਾਬ ਅੰਤਰ ਯੂਨੀਵਰਸਿਟੀ ਵਿਚ ਭਾਗ ਲੈਣਗੇ।

7/11/2024

/ ਡਾਇਰੈਕਟਰ,
ਸਪੋਰਟਸ ਅਤੇ ਯੁਵਕ ਭਲਾਈ
ਐਮ.ਆਰ.ਐਸ.ਪੀ.ਟੀ.ਯੂ., ਬਠਿੰਡਾ।

CC

1. **PA to Vice Chancellor for information please.**
2. **PA to Registrar for information please Dean,**
3. **Professor Incharge Finance**
4. **Director ITES for uploaded on website**

ਨੱਥੀ :- ਯੁਵਕ ਸੇਵਾਵਾਂ ਵਿਭਾਗ, ਪੰਜਾਬ ਵੱਲੋਂ ਕਰਵਾਈਆਂ ਜਾ ਰਹੀਆਂ ਵੰਨਗੀਆਂ ਦੇ ਨਿਯਮਾਂ ਦੀ ਕਾਪੀ।

ਯੁਵਕ ਸੇਵਾਵਾਂ ਵਿਭਾਗ, ਪੰਜਾਬ, ਯੁਵਾ ਭਵਨ ਸੈਕਟਰ-42-ਏ, ਚੰਡੀਗੜ੍ਹ।
(ਸੰਪਰਕ 0172-2603379, ਈ-ਮੇਲ youthservcies.punjab@gmail.com)

## ਰਾਜ ਪੱਧਰੀ ਅੰਤਰਵਰਸਿਟੀ ਯੁਵਕ ਮੇਲਾ - 2024

ਸਥਾਨ-

(ਪੇਸ਼ਕਾਰੀ ਲਈ ਆਈਟਮਾਂ ਦਾ ਸਮਾਂ ਅਤੇ ਭਾਗੀਦਾਰਾ ਦੀ ਗਿਣਤੀ)

| ਲੜੀ ਨੰ. | ਆਈਟਮ ਦਾ ਨਾਮ | ਆਈਟਮ ਦਾ ਸਮਾਂ | ਭਾਗੀਦਾਰਾਂ ਦੀ ਗਿਣਤੀ | ਸਾਜਿੰਦਿਆਂ ਦੀ ਗਿਣਤੀ | ਕੁੱਲ ਗਿਣਤੀ |
|---|---|---|---|---|---|
| ਨਾਚ ਆਈਟਮਾਂ (DANCE ITEMS) | | | | | |
| 1. | ਭੰਗੜਾ | 08-10 ਮਿੰਟ | 08 | 04 | 12 |
| 2. | ਗਿੱਧਾ | 10-12 ਮਿੰਟ | 11 | 01 | 12 |
| 3. | ਝੂਮਰ | 08-10 ਮਿੰਟ | 06-10 | 05 | 15 |
| 4. | ਲੁੱਡੀ ਓਪਨ/ਸੰਮੀ | 08-10 ਮਿੰਟ | 06-10 | 05 | 15 |
| 5. | ਕਲਾਸੀਕਲ ਨਾਚ (ਕੱਥਕ/ਭਾਰਤ ਨਾਟਯਮ/ ਉਡੀਸੀ ਅਤੇ ਕਥਕਲੀ ਆਦਿ) | 12-15 ਮਿੰਟ | 01 | 04 | 05 |
| ਸੰਗੀਤ ਆਈਟਮਾਂ (Music Items) | | | | | |
| 6. | ਸਮੂਹ ਗੀਤ (ਪੰਜਾਬੀ) | 08-10 ਮਿੰਟ | 06 | 04 | 10 |
| 7. | ਲੋਕ ਗੀਤ (ਪੰਜਾਬੀ) | 04-06 ਮਿੰਟ | 01 | 03 | 04 |
| 8. | ਕਲੀ | 05-07 ਮਿੰਟ | 03 | 02 | 05 |
| 9. | ਕਵੀਸ਼ਰੀ | 05-07 ਮਿੰਟ | 03 | - | 03 |
| 10. | ਵਾਰ ਗਾਇਨ | 05-07 ਮਿੰਟ | 03 | 02 | 05 |
| 11. | ਸਮੂਹ ਸ਼ਬਦ | 08 -10 ਮਿੰਟ | 06 | 03 | 09 |
| 12. | ਗਜ਼ਲ | 04 -06 ਮਿੰਟ | 01 | 03 | 04 |
| 13. | ਰਵਾਇਤੀ ਲੋਕ ਗੀਤ (ਲੰਮੀਆਂ ਹੇਕ ਵਾਲੇ) | 03-05 ਮਿੰਟ | 02-04 | - | 04 |
| 14. | ਕਲਾਸੀਕਲ ਵੋਕਲ ਗੀਤ (ਹਿੰਦੁਸਤਾਨੀ/ਕਰਨਾਟਕ) | 08-10 ਮਿੰਟ | 01 | 02 | 03 |
| 15. | ਕਲਾਸੀਕਲ ਇੰਨਸਟਰੂਮੈਂਟਲ (ਤਾਲ/PERCUSSION) | 08-10 ਮਿੰਟ | 01 | 02 | 03 |
| 16. | ਕਲਾਸੀਕਲ ਇੰਨਸਟਰੂਮੈਂਟਲ (ਸਵਰ/NON PERCUSSION) | 08-10 ਮਿੰਟ | 01 | 02 | 03 |
| 17. | ਲੋਕ ਸਾਜਾਂ ਦੀ ਸਮੂਹਿਕ ਪੇਸ਼ਕਾਰੀ (FOLK ORCHESTRA) | 08-10 ਮਿੰਟ | 10-12 | 03 | 15 |
| ਰੰਗ-ਮੰਚ ਆਈਟਮਾਂ (THEATRE ITEMS) | | | | | |
| ਲੜੀ ਨੰ. | ਆਈਟਮ ਦਾ ਨਾਮ | ਆਈਟਮ ਦਾ ਸਮਾਂ | ਭਾਗੀਦਾਰਾਂ ਦੀ ਗਿਣਤੀ | ਸਾਜਿੰਦੀਆਂ ਦੀ ਗਿਣਤੀ | ਕੁੱਲ ਗਿਣਤੀ |
| 18. | ਰਵਾਇਤੀ ਪਹਿਰਾਵਾ ਪ੍ਰਦਰਸ਼ਨੀ | 01 ਮਿੰਟ | 01 | - | 01 |
| 19. | ਭੰਡ | 04-06 ਮਿੰਟ | 02 | - | 02 |
| 20. | ਸਾਂਗ ਲਾਉਣਾ (ਮਿਮਿਕਰੀ) | 04-05 ਮਿੰਟ | 01 | - | 01 |
| 21. | ਚੁੱਪ-ਸਾਂਗ (Mime) | 04-05 ਮਿੰਟ | ਵੱਧ ਤੋਂ ਵੱਧ 06 | 02 | 08 |
| 22. | ਸਕਿੱਟ (ਕੇਵਲ ਪੰਜਾਬੀ ਭਾਸ਼ਾ ਵਿੱਚ) | 08-10 ਮਿੰਟ | ਵੱਧ ਤੋਂ ਵੱਧ 06 | 03 | 09 |
| 23. | ਨੁੱਕੜ ਨਾਟਕ | 10 – 12 ਮਿੰਟ | 8-10 | -- | 8-10 |
| 24. | ਲਘੂ ਚੱਲ ਚਿੱਤਰ (Short film making**)** | **08-10 min** | -- | -- | -- |
| ਸਾਹਿਤਕ ਆਈਟਮਾਂ (LITERARY ITEMS) | | | | | |
| 25. | ਵਾਦ-ਵਿਵਾਦ (DEBATE) | 04-05 ਮਿੰਟ (ਹਰੇਕ ਭਾਗੀਦਾਰ) | 02 | - | 02 |
| 26. | ਭਾਸ਼ਣ (ELOCUTION) | 04-05 ਮਿੰਟ | 01 | - | 01 |
| 27. | ਵਿਰਾਸਤੀ ਕੁਇਜ (HERITAGE QUIZ) | -- | 03 | - | 03 |
| ਵਿਰਾਸਤੀ ਕਲਾਵਾਂ (HERITAGE ARTS) | | | | | |
| 28. | ਕਢਾਈ -ਬਾਗ | 02 ਘੰਟੇ 30 ਮਿੰਟ | 01 | - | 01 |
| 29. | ਕਢਾਈ- ਫੁਲਕਾਰੀ | 02 ਘੰਟੇ 30 ਮਿੰਟ | 01 | - | 01 |
| 30. | ਪੱਖੀ ਬੁਣਨਾ | 02 ਘੰਟੇ 30 ਮਿੰਟ | 01 | - | 01 |
| 31. | ਨਾਲਾ ਬੁਣਨਾ | 02 ਘੰਟੇ 30 ਮਿੰਟ | 01 | - | 01 |

| | | | | | |
|---|---|---|---|---|---|
| 32. | ਗੁੱਡੀਆਂ, ਪਟੋਲੇ ਬਣਾਉਣਾ | 02 ਘੰਟੇ 30 ਮਿੰਟ | 01 | - | 01 |
| 33. | ਪਰਾਂਦਾ ਬਨਾਉਣਾ | 02 ਘੰਟੇ 30 ਮਿੰਟ | 01 | - | 01 |
| 34. | ਕਰੋਸ਼ੀਆ | 02 ਘੰਟੇ 30 ਮਿੰਟ | 01 | - | 01 |
| 35. | ਪੀੜ੍ਹੀ ਬੁਣਨਾ | 02 ਘੰਟੇ 30 ਮਿੰਟ | 01 | - | 01 |
| 36. | ਈਨੂੰ/ਬਿੰਨੂ ਬਣਾਉਣਾ | 02 ਘੰਟੇ 30 ਮਿੰਟ | 01 | - | 01 |
| 37. | ਟੋਕਰੀ ਬਣਾਉਣਾ | 02 ਘੰਟੇ 30 ਮਿੰਟ | 01 | - | 01 |
| 38. | ਛਿੱਕੂ ਬਣਾਉਣਾ | 02 ਘੰਟੇ 30 ਮਿੰਟ | 01 | - | 01 |
| | | | ਲਲਿਤ ਕਲਾਵਾਂ (FINE ARTS) | | |
| 39. | ਮੌਕੇ ਤੇ ਚਿੱਤਰਕਾਰੀ | 02 ਘੰਟੇ 30 ਮਿੰਟ | 01 | - | 01 |
| 40. | ਕੋਲਾਜ ਬਣਾਉਣਾ | 02 ਘੰਟੇ 30 ਮਿੰਟ | 01 | - | 01 |
| 41. | ਪੋਸਟਰ ਬਣਾਉਣਾ | 02 ਘੰਟੇ 30 ਮਿੰਟ | 01 | - | 01 |
| 42. | ਕਾਰਟੂਨਿੰਗ | 02 ਘੰਟੇ 30 ਮਿੰਟ | 01 | - | 01 |
| 43. | ਮੌਕੇ ਤੇ ਫੋਟੋਗ੍ਰਾਫੀ | 02 ਘੰਟੇ 30 ਮਿੰਟ | 01 | - | 01 |
| 44. | ਰੰਗੋਲੀ | 02 ਘੰਟੇ 30 ਮਿੰਟ | 01 | - | 01 |
| 45. | ਸਟਿੱਲ ਲਾਈਫ | 02 ਘੰਟੇ 30 ਮਿੰਟ | 01 | - | 01 |
| **OVERALL TROPHY SCORE**<br>**1. GROUP ITMES**<br>**2.INDIVIDUAL ITEMS** | | | | | |

## ਨਿਯਮ:

ਅੰਤਰ-ਵਰਸਿਟੀ ਫੈਸਟੀਵਲ ਲਈ ਆਇਟਮ ਵਾਇਜ਼ ਪੇਸ਼ਕਾਰੀ ਸਬੰਧੀ ਨਿਯਮ ਹੇਠ ਲਿਖੇ ਅਨੁਸਾਰ ਹੋਣਗੇ:-

### 1. ਭੰਗੜਾ:

- ਸਟੇਜ ਸੈਟਿੰਗ ਲਈ ਵੱਧ ਤੋਂ ਵੱਧ 07 ਮਿੰਟ ਦਾ ਸਮਾਂ ਦਿੱਤਾ ਜਾਵੇਗਾ।
- ਹਰ ਯੂਨੀਵਰਸਿਟੀ ਮੁਕਾਬਲੇ ਲਈ ਇੱਕ ਟੀਮ ਭੇਜ਼ ਸਕਦੀ ਹੈ।
- ਪੇਸ਼ਕਾਰੀ ਲਈ ਸਮਾਂ 8 ਤੋਂ 10 ਮਿੰਟ ਹੋਵੇਗਾ।ਸਮਾਂ ਪਰਦਾ ਖੁੱਲਣ ਨਾਲ ਸੁਰੂ ਹੋਵੇਗਾ, ਜਿਥੇ ਪਰਦਾ ਨਹੀਂ, ਢੋਲ ਦੇ ਪਹਿਲੇ ਡਗੇ ਨਾਲ ਗਿਣਿਆ ਜਾਵੇਗਾ।
- ਪੇਸ਼ਕਾਰੀ ਵੇਲੇ ਮੂਲ ਨਾਚ ਨਾਲ ਸਬੰਧਿਤ ਸਹਾਇਕ ਸਮੱਗਰੀ ਹੀ ਸਟੇਜ਼ ਤੇ ਲਿਆਂਦੀ ਜਾਵੇਗੀ, ਜਿਵੇਂ ਕਿ ਸੱਪ, ਕਾਟੋ, ਖੂੰਡੇ, ਚਿਮਟਾ, ਤੂੰਬੀ ਅਤੇ ਤੂੰਬਾ ਆਦਿ। ਹੋਰ ਕੋਈ ਵਾਧੂ ਸਮੱਗਰੀ ਜਾਂ ਵਾਧੂ ਅਡੰਬਰ ਨੂੰ ਤਰਜੀਹ ਨਹੀਂ ਦਿੱਤੀ ਜਾਵੇਗੀ।
- ਭੰਗੜੇ ਵਿੱਚ ਬੋਲੀਆਂ ਸਭਿਆਚਾਰਕ, ਮਿਆਰੀ ਅਤੇ ਕੌਮੀ ਏਕਤਾ ਨੂੰ ਦਰਸਾਂਉਂਦੀਆਂ ਹੋਣੀਆਂ ਚਾਹੀਦੀਆਂ ਹਨ।
- ਅਸ਼ਲੀਲ ਅਤੇ ਦੋ ਅਰਥੀ ਬੋਲੀਆਂ ਦੀ ਮਨਾਹੀ ਹੋਵੇਗੀ।
- ਟੀਮ ਦੇ ਸਟੇਜ਼ ਉੱਤੇ ਪ੍ਰਵੇਸ ਕਰਨ ਦੌਰਾਨ ਲੋਕ-ਸਾਜ਼ਾਂ ਦੀ ਵਰਤੋਂ ਕਰਨ ਦੀ ਆਗਿਆ ਹੈ।

### 2. ਗਿੱਧਾ:

- ਹਰੇਕ ਯੂਨੀਵਰਸਿਟੀ ਇੱਕ ਟੀਮ ਭੇਜ ਸਕਦੀ ਹੈ।
- ਸਟੇਜ ਸੈਟਿੰਗ ਲਈ ਵੱਧ ਤੋਂ ਵੱਧ 07 ਮਿੰਟ ਦਾ ਸਮਾਂ ਦਿੱਤਾ ਜਾਵੇਗਾ।
- ਸਮਾਂ 10 ਤੋਂ 12 ਮਿੰਟ ਦਾ ਹੋਵੇਗਾ।ਸਮਾਂ ਪਰਦਾ ਖੁੱਲਣ ਤੇ ਚਾਲੂ ਹੋਵੇਗਾ, ਜਿਥੇ ਪਰਦਾ ਨਹੀਂ, ਹੇਕ ਜਾਂ ਢੋਲੀ ਦੀ ਥਾਪ ਨਾਲ ਗਿਣਿਆ ਜਾਵੇਗਾ।
- ਗਿੱਧੇ ਵਿੱਚ ਬੋਲੀਆਂ ਅਸਭਿਅਕ ਅਤੇ ਅਸ਼ਲੀਲ ਨਹੀਂ ਹੋਣੀਆਂ ਚਾਹੀਦੀਆਂ ਅਤੇ ਸਾਫ ਸੁਣਾਈ ਦੇਣ ਯੋਗ ਹੋਣੀਆਂ ਚਾਹੀਦੀਆਂ ਹਨ। ਟੀਮ ਦਾ ਸਟੇਜ਼ ਉੱਪਰ ਪ੍ਰਵੇਸ਼ ਅਤੇ ਬਾਹਰ ਜਾਣਾ ਨਿਰਧਾਰਿਤ ਸਮੇਂ ਵਿੱਚ ਸ਼ਾਮਿਲ ਹੋਵੇਗਾ।
- ਮੰਚ ਤੇ ਕੇਵਲ ਪੰਜਾਬ ਦੇ ਸਭਿਆਚਾਰਕ ਚਿੰਨਾਂ ਨਾਲ ਸਬੰਧਿਤ ਸਮਾਨ ਹੀ ਲਿਆਂਦਾ ਜਾਵੇ।ਢੋਲ ਦੀ ਇਜ਼ਾਜ਼ਤ ਨਹੀਂ ਹੈ।
- ਪਹਿਰਾਵਾ ਰੂਪ-ਸੱਜਾ, ਨਾਚ ਦੀ ਮੌਲਿਕਤਾ, ਬੋਲੀਆਂ ਦੀ ਪੇਸ਼ਕਾਰੀ, ਸੰਗੀਤ ਅਤੇ ਰਿਦਮ ਦੀਆਂ ਆਕਰਸ਼ਕ ਲੈਅਕਾਰੀਆਂ ਵਿੱਚ ਪ੍ਰੋਤ ਅਤੇ ਸਮੁੱਚੇ ਪ੍ਰਭਾਵ ਦੇ ਆਧਾਰ ਤੇ ਪੇਸ ਕੀਤੇ ਨਾਚ ਨੂੰ ਤਰਜੀਹ ਦਿੱਤੀ ਜਾਵੇਗੀ।

3. **ਝੂਮਰ:**

- ਹਰੇਕ ਯੂਨੀਵਰਸਿਟੀ ਇੱਕ ਟੀਮ ਭੇਜੇਗੀ।
- ਸਟੇਜ ਸੈਟਿੰਗ ਲਈ ਵੱਧ ਤੋਂ ਵੱਧ 07 ਮਿੰਟ ਦਾ ਸਮਾਂ ਦਿੱਤਾ ਜਾਵੇਗਾ।
- ਝੂਮਰ ਨੀਲੀ ਦੀ, ਰਾਵੀ ਦੀ ਜਾਂ ਲੰਮੇ ਦੀ ਹੀ ਪਾਈ ਜਾਵੇ।
- ਪੁਸ਼ਾਕ ਵਿੱਚ ਖੁੱਲ ਕਲੀਆਂ ਵਾਲਾ ਕੁੜਤਾ, ਡੱਬੀਦਾਰ ਚਾਦਰਾ, ਪੱਗ, ਪੈਰੀਂ ਜੁੱਤੀ, ਪੈਰਾਂ ਵਿੱਚ ਘੁੰਗਰੂ ਬੰਨੇ ਹੋਣੇ ਚਾਹੀਦੇ ਹਨ। ਪੱਗ ਦਾ ਇਕ ਪਾਸੇ ਲੰਮਾ ਟੂੰਰਾ ਹੋਵੇ।
- ਬੋਲੀਆਂ ਅਸੱਭਿਅਕ ਨਾ ਹੋਣ।
- ਸਾਜ਼ਾ ਵਿੱਚ ਢੋਲ ਅਤੇ ਵੰਝਲੀ,ਸਰੰਗੀ/ ਤੂੰਬਾ ਜਾਂ ਬਾਂਸੁਰੀ ਹੀ ਹੋਵੇ।
- ਝੂਮਰ ਸੁਰੂ ਹੋਣ ਤੋਂ ਪਹਿਲਾਂ ਸੱਦ ਲਾ ਸਕਦੇ ਹਨ।ਨਾਚ ਕਰਦੇ ਸਮੇਂ ਇੱਕਲੇ ਇਕਲੇ ਪ੍ਰਤੀਯੋਗੀ ਡਬਲ ਤੋੜੇ ਤੇ ਅੰਦਰ ਬਾਹਰ ਆਉਣੇ ਚਾਹੀਦੇ ਹਨ।

4. **ਓਪਨ ਲੁੱਡੀ/ਸੰਮੀ:**

- ਹਰੇਕ ਯੂਨੀਵਰਸਿਟੀ ਓਪਨ ਲੁੱਡੀ ਜਾਂ ਸੰਮੀ ਦੀ ਇੱਕ ਟੀਮ ਭੇਜੇਗੀ।
- ਸਟੇਜ ਸੈਟਿੰਗ ਲਈ ਵੱਧ ਤੋਂ ਵੱਧ 07 ਮਿੰਟ ਦਾ ਸਮਾਂ ਦਿੱਤਾ ਜਾਵੇਗਾ।
- ਓਪਨ ਲੁੱਡੀ ਵਿੱਚ ਮੁੰਡੇ ਤੇ ਕੁੜੀਆਂ ਦੀ ਟੀਮ ਵੀ ਭਾਗ ਲੈ ਸਕਦੀ ਹੈ, ਜਦੋਂ ਕਿ ਸੰਮੀ ਮੁਟਿਆਰਾਂ ਦਾ ਨਾਚ ਹੈ। ਪ੍ਰਤੀਯੋਗੀਆ ਦੀ ਗਿਣਤੀ 06 ਤੋਂ 10 ਹੋ ਸਕਦੀ ਹੈ, ਜਦੋਂ ਕਿ ਸਹਿਯੋਗੀ ਕਲਾਕਾਰਾਂ ਦੀ ਗਿਣਤੀ 05 ਹੋ ਸਕਦੀ ਹੈ।
- ਸੰਮੀ ਨਾਚ ਵਿੱਚ ਸਾਰੰਗੀ ਜਾਂ ਵੰਝਲੀ ਤੇ ਢੋਲ ਹੀ ਵਰਤਿਆ ਜਾਵੇ। ਅਲਗੋਜ਼ਿਆ ਦੀ ਵਰਤੋਂ ਨਾ ਹੋਵੇ।ਸੰਮੀ ਵਿੱਚ ਝੂਮਰ ਨਾਚ ਦੇ ਸਟੈਪ ਵਰਜਿਤ ਹਨ।
- ਸੰਮੀ ਨਾਲ ਵਿੱਚ ਸਿਰ ਗੁੰਦਣ ਸਮੇਂ ਮੀਢੀਆਂ ਗੁੰਦੀਆ ਹੋਣ ਜਾਂ ਸਿਰ ਗੁੰਦ ਕੇ ਉਚਾ ਕੀਤਾ ਹੋਵੇ।
- ਲੁੱਡੀ ਲੋਕ ਨਾਚ ਵਿੱਚ ਸਮਾਂ 10 ਮਿੰਟ ਹੋਵੇਗਾ।
- ਸਟੇਜ਼ ਤੇ ਪਰਦੇ ਪਿਛੋਂ ਸਿੱਧੀ ਐਂਟਰੀ ਹੋਣੀ ਚਾਹੀਦੀ ਹੈ ਅਤੇ ਬਾਦ ਵਿੱਚ ਕਲਾਕਾਰਾਂ ਨੂੰ ਨਾਚ ਖਤਮ ਹੋਣ ਤੇ ਨੱਚਦੇ ਹੋਏ ਹੀ ਸਟੇਜ ਤੋਂ ਬਾਹਰ ਜਾਣਾ ਚਾਹੀਦਾ ਹੈ।
- ਪਹਿਰਾਵਾ- ਮੁੰਡਿਆ ਲਈ: ਪਟੇਦਾਰ ਜਾਂ ਡੱਬੀਦਾਰ ਚਾਦਰਾ, ਖੁੱਲਾ ਕੁੜਤਾ, ਪਠਾਨੀ ਜਾਕਟ, ਦੋ ਫਰਲਿਆ ਵਾਲੀ ਪੱਗ।
  ਕੁੜੀਆ ਲਈ: ਲਾਚਾ, ਲੰਮੀ ਕੁੜਤੀ ਅਤੇ ਲੋੜ ਅਨੁਸਾਰ ਰਵਾਇਤੀ ਪਹਿਰਾਵਾ ਅਤੇ ਹਾਰ ਸਿੰਗਾਰ।
- ਭੰਗੜੇ ਦੀ ਤਾਲਾਂ ਤੋਂ ਗੁਰੇਜ਼ ਕੀਤਾ ਜਾਵੇ।

5. **ਸਮੂਹ ਗੀਤ:**(ਪੰਜਾਬੀ)

- ਹਰ ਯੂਨੀਵਰਸਿਟੀ ਗਰੁੱਪ ਲੋਕ ਗੀਤ ਮੁਕਾਬਲੇ ਲਈ ਟੀਮ ਵਿੱਚ 6 ਭਾਗੀਦਾਰ ਸਮੇਤ 4 ਸਾਜਿੰਦੇ ਭੇਜ ਸਕਦੀ ਹੈ।
- ਸਮਾਂ 08-10 ਮਿੰਟ ਦਾ ਹੋਵੇਗਾ।
- ਲੋਕ-ਗੀਤ ਦਾ ਵਿਸ਼ਾ ਭੜਕੀਲਾ ਅਤੇ ਦੋਹਰੇ ਅਰਥਾਂ ਵਾਲਾ ਨਹੀਂ ਹੋਣਾ ਚਾਹੀਦਾ।

6. **ਲੋਕ ਗੀਤ:**(ਪੰਜਾਬੀ)

- ਹਰ ਯੂਨੀਵਰਸਿਟੀ ਇੱਕ ਲੜਕਾ ਜਾਂ ਲੜਕੀ ਮੁਕਾਬਲੇ ਲਈ ਭੇਜ ਸਕਦੀ ਹੈ।
- ਸਮਾਂ 4-6 ਮਿੰਟ ਦਾ ਹੋਵੇਗਾ।
- ਲੋਕ-ਗੀਤ ਦਾ ਵਿਸ਼ਾ ਭੜਕੀਲਾ ਅਤੇ ਦੋਹਰੇ ਅਰਥਾਂ ਵਾਲਾ ਨਹੀਂ ਹੋਣਾ ਚਾਹੀਦਾ।

7. **ਕਲੀ:**

- ਹਰੇਕ ਯੂਨੀਵਰਸਿਟੀ ਇੱਕ ਟੀਮ ਭੇਜ ਸਕਦੀ ਹੈ।
- ਭਾਗੀਦਾਰਾਂ ਦੀ ਗਿਣਤੀ 2 ਜਾਂ 3 ਹੋਵੇਗੀ।
- ਸਮਾਂ 5 ਤੋਂ 7 ਮਿੰਟ ਦਾ ਹੋਵੇਗਾ।

8. **ਕਵੀਸ਼ਰੀ:**

- ਹਰ ਯੂਨੀਵਰਸਿਟੀ ਇੱਕ ਟੀਮ ਭੇਜ ਸਕਦੀ ਹੈ।
- ਭਾਗੀਦਾਰਾਂ ਦੀ ਗਿਣਤੀ 3 ਹੋਵੇਗੀ।
- ਸਮਾਂ 5-7 ਮਿੰਟ ਦਾ ਹੋਵੇਗਾ।

9. ਵਾਰ ਗਾਇਨ:

- ਹਰ ਯੂਨੀਵਰਸਿਟੀ ਇੱਕ ਟੀਮ ਭੇਜ ਸਕਦੀ ਹੈ।
- ਭਾਗੀਦਾਰਾਂ ਦੀ ਗਿਣਤੀ 03 ਹੋ ਸਕਦੀ ਹੈ।
- ਸਮਾਂ 05 ਤੋਂ 07 ਮਿੰਟ ਦਾ ਹੋਵੇਗਾ।

10. ਰਵਾਇਤੀ ਲੋਕ ਗੀਤ (ਲੰਮੀਆ ਹੇਕਾਂ ਵਾਲੇ)

- ਹਰ ਯੂਨੀਵਰਸਿਟੀ ਇੱਕ ਟੀਮ ਭੇਜ ਸਕਦੀ ਹੈ।
- ਭਾਗੀਦਾਰਾਂ ਦੀ ਗਿਣਤੀ 02 ਤੋਂ 04 ਹੋਵੇਗੀ।
- ਸਮਾਂ 3 ਤੋਂ 5 ਮਿੰਟ ਦਾ ਹੋਵੇਗਾ।
- ਕਿਸੇ ਵੀ ਸਾਜ਼ ਦੀ ਵਰਤੋਂ ਕਰਨ ਦੀ ਮਨਾਹੀ ਹੈ।
- ਰਵਾਇਤੀ ਲੋਕ ਗੀਤ ਦੀ ਪੇਸ਼ਕਾਰੀ ਪ੍ਰਪੰਰਾਗਤ ਢੰਗ ਨਾਲ ਹੀ ਹੋਣੀ ਚਾਹੀਦੀ ਹੈ।

11. ਕਲਾਸੀਕਲ ਵੋਕਲ ਸੋਲੋ:(ਹਿੰਦੁਸਤਾਨੀ/ਕਰਨਾਟਕ)

- ਹਰ ਯੂਨੀਵਰਸਿਟੀ ਇੱਕ ਭਾਗੀਦਾਰ ਭੇਜ ਸਕਦੀ ਹੈ।
- ਸਮਾਂ 8 ਤੋਂ 10 ਮਿੰਟ ਦਾ ਹੋਵੇਗਾ।
- ਸਹਿਯੋਗੀ ਕਲਾਕਾਰ ਦੋ ਤੱਕ ਹੋ ਸਕਦੇ ਹਨ।
-

12. ਕਲਾਸੀਕਲ ਇੰਸਟਰੂਮੈਂਟਲ ਤਾਲ (ਸੋਲੋ):

- ਹਰ ਯੂਨੀਵਰਸਿਟੀ ਇੱਕ ਭਾਗੀਦਾਰ ਭੇਜ ਸਕਦੀ ਹੈ।ਜੋ ਤਬਲਾ,ਪਖ਼ਾਵਜ਼, ਮ੍ਰਿਦੰਗ ਵਿਚੋਂ ਕੋਈ ਵੀ ਸਾਜ਼ ਚੁਣ ਸਕਦਾ ਹੈ।
- ਸਮਾਂ 8 ਤੋਂ 10 ਮਿੰਟ ਦਾ ਹੋਵੇਗਾ।
- ਸਹਿਯੋਗ ਕਲਾਕਾਰ ਦੋ ਤੱਕ ਹੋ ਸਕਦੇ ਹਨ।ਹਾਰਮੋਨੀਅਮ ਤੇ ਨਗਮਾ ਵਜਾਉਣ ਦੀ ਇਜ਼ਾਜਤ ਹੈ।

ਕਲਾਸੀਕਲ ਇੰਸਟਰੂਮੈਂਟਲ (ਸਵਰ ਸੋਲੋ):

- ਹਰ ਯੂਨੀਵਰਸਿਟੀ ਇੱਕ ਭਾਗੀਦਾਰ ਭੇਜ ਸਕਦੀ ਹੈ,ਜੋ ਸਿਤਾਰ,ਸਰੋਦ,ਵੀਣਾ,ਵਾਇਲਨ, ਦਿਲਰੁਬਾ, ਸਾਰੰਗੀ, ਜਲਤਰੰਗ, ਨਲਤਰੰਗ, ਸੰਤੂਰ,ਬੰਸਰੀ,ਰਬਾਬ ਵਿਚੋਂ ਕੋਈ ਸਾਜ਼ ਚੁਣ ਸਕਦਾ ਹੈ।
- ਸਮਾਂ 8 ਤੋਂ 10 ਮਿੰਟ ਦਾ ਹੋਵੇਗਾ।
- ਸਹਿਯੋਗੀ ਕਲਾਕਾਰ ਦੋ ਤੱਕ ਹੋ ਸਕਦੇ ਹਨ।ਹਾਰਮੋਨੀਅਮ ਦੀ ਇਜ਼ਾਜਤ ਨਹੀਂ ਹੈ।

13. ਕਲਾਸੀਕਲ ਡਾਂਸ (ਕੱਥਕ, ਭਰਤ ਨਾਟਅਮ/ਉਡੀਸੀ/ਕਥਕਲੀ ਆਦਿ):

- ਹਰੇਕ ਯੂਨੀਵਰਸਿਟੀ ਇੱਕ ਟੀਮ ਭੇਜ ਸਕਦੀ ਹੈ।
- ਸਮੇਂ ਦੀ ਹੱਦ ਵੱਧ ਤੋਂ ਵੱਧ 12-15 ਮਿੰਟ ਦੀ ਹੋਵੇਗੀ।
- ਚੋਣ ਪ੍ਰਤੀਯੋਗੀ ਤੇ ਨਿਰਭਰ ਕਰੇਗੀ।
- ਸਹਿਯੋਗੀ ਕਲਾਕਾਰਾਂ ਦੀ ਇਜਾਜਤ ਹੈ। ਪੇਸ਼ਕਾਰੀ ਲਈ ਰਿਕਾਰਡਡ ਸੰਗੀਤ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ।

14. ਭੰਡ:

- ਹਰ ਯੂਨੀਵਰਸਿਟੀ 01 ਟੀਮ ਭੇਜ਼ ਸਕਦੀ ਹੈ।
- ਸਮਾਂ 4 ਤੋਂ 6 ਮਿੰਟ ਦਾ ਹੋਵੇਗਾ।
- ਟੀਮ ਵਿੱਚ ਭਾਗੀਦਾਰਾਂ ਦੀ ਗਿਣਤੀ 2 ਹੋ ਸਕਦੀ ਹੈ।
- ਅਸ਼ਲੀਲ ਵਾਰਤਾਲਾਪ ਜਾਂ ਹਰਕਤਾਂ ਦੀ ਇਜ਼ਾਜਤ ਨਹੀਂ ਹੋਵੇਗੀ।

15. ਐਲੂਕਿਊਸ਼ਨ:

- ਹਰੇਕ ਯੂਨੀਵਰਸਿਟੀ ਇੱਕ ਪ੍ਰਤੀਯੋਗੀ ਭੇਜ ਸਕਦੀ ਹੈ।
- ਹਰ ਪ੍ਰਤੀਯੋਗੀ ਨੂੰ ਬੋਲਣ ਲਈ 4 ਤੋਂ 5 ਮਿੰਟ ਦਾ ਸਮਾਂ ਦਿੱਤਾ ਜਾਵੇਗਾ।
- ਵਕਤਾ ਪੰਜਾਬੀ, ਹਿੰਦੀ ਜਾਂ ਅੰਗਰੇਜੀ ਵਿੱਚ ਬੋਲ ਸਕਦਾ ਹੈ।

- ਵਿਸ਼ਾ ਇੱਕ ਦਿਨ ਪਹਿਲਾਂ/24 ਘੰਟੇ ਪਹਿਲਾਂ ਦਿੱਤਾ ਜਾਵੇਗਾ।

## ਅ. ਵਾਦ ਵਿਵਾਦ: (ਡਿਬੇਟ)

- ਹਰੇਕ ਯੂਨੀਵਰਸਿਟੀ 02 ਪ੍ਰਤੀਯੋਗੀਆਂ ਦੀ ਟੀਮ ਭੇਜੇਗਾ, ਜਿਨ੍ਹਾਂ ਵਿਚੋਂ ਇੱਕ ਪ੍ਰਤੀਯੋਗੀ ਵਿਸ਼ੇ ਦੇ ਹੱਕ ਵਿੱਚ ਅਤੇ ਦੂਸਰਾ ਪ੍ਰਤੀਯੋਗੀ ਵਿਸ਼ੇ ਦੇ ਵਿਰੋਧ ਵਿੱਚ ਬੋਲੇਗਾ।ਪੰਜਾਬੀ,ਹਿੰਦੀ ਅਤੇ ਅੰਗਰੇਜ਼ੀ ਵਿਚੋ ਕੋਈ ਵੀ ਭਾਸ਼ਾ ਚੁਣੀ ਜਾ ਸਕਦੀ ਹੈ।
- ਹਰ ਪ੍ਰਤੀਯੋਗੀ ਨੂੰ ਬੋਲਣ ਲਈ 04 ਤੋਂ 05 ਮਿੰਟ ਦਾ ਸਮਾਂ ਦਿੱਤਾ ਜਾਵੇਗਾ।
- ਵਿਸ਼ਾ ਇੱਕ ਦਿਨ ਪਹਿਲਾਂ/24 ਘੰਟੇ ਪਹਿਲਾਂ ਦਿੱਤਾ ਜਾਵੇਗਾ।
- ਪ੍ਰਤੀਯੋਗੀਆਂ ਨੂੰ ਪਹਿਲਾਂ ਤੋਂ ਲਿਖੀ ਹੋਈ ਤਕਰੀਰ ਪੜ੍ਹਨ ਦੀ ਮਨਾਹੀ ਹੈ।
- ਪੁਜ਼ੀਸ਼ਨ ਟੀਮ ਨੂੰ ਦਿੱਤੀ ਜਾਵੇਗੀ।

## 16. ਰਵਾਇਤੀ ਪਹਿਰਾਵਾ ਪ੍ਰਦਰਸ਼ਨੀ:

- ਹਰ ਯੂਨੀਵਰਸਿਟੀ ਇੱਕ ਲੜਕਾ ਜਾਂ ਇੱਕ ਲੜਕੀ ਮੁਕਾਬਲੇ ਲਈ ਭੇਜ ਸਕਦੀ ਹੈ।
- ਸਮਾਂ 1 ਮਿੰਟ ਦਾ ਹੋਵੇਗਾ।
- ਵਿਦਿਆਰਥੀ ਸਿਰਫ ਪਰੰਪਰਕ ਲੋਕ ਪਹਿਰਾਵੇ ਵਿੱਚ ਮੰਚ ਤੇ ਆਵੇਗਾ।
- ਅਸ਼ਲੀਲ/ਭੱਦੇ ਪ੍ਰਦਰਸ਼ਨ ਦੀ ਪੇਸ਼ਕਾਰੀ ਦੀ ਮਨਾਹੀ ਹੋਵੇਗੀ।
- ਮੰਚ ਉਪਰ ਕੁੱਝ ਵੀ ਬੋਲਣ ਦੀ ਆਗਿਆ ਨਹੀਂ ਹੋਵੇਗੀ।
- ਕੋਈ ਸਹਾਇਕ ਸਮੱਗਰੀ, ਸੰਗੀਤ ਜਾਂ ਧੁਨੀਆਂ ਦੀ ਇਜਾਜਤ ਨਹੀਂ ਹੋਵੇਗੀ।

## 17. ਮਿਮਿਕਰੀ:

- ਮਿਮਿਕਰੀ ਪੰਜਾਬੀ, ਹਿੰਦੀ ਜਾਂ ਅਗ੍ਰੇਜ਼ੀ ਕਿਸੇ ਵੀ ਭਾਸ਼ਾ ਚੋ ਹੋ ਸਕਦੀ ਹੈ
- ਹਰੇਕ ਯੂਨੀਵਰਸਿਟੀ ਇੱਕ ਪ੍ਰਤੀਯੋਗੀ ਭੇਜ ਸਕਦੀ ਹੈ।
- ਸਮੇਂ ਦੀ ਹੱਦ 4 ਤੋਂ 5 ਮਿੰਟ ਦੀ ਹੋਵੇਗੀ।
- ਪ੍ਰਤੀਯੋਗੀ ਦੁਆਰਾ ਮਸ਼ੀਨਾਂ ਅਤੇ ਜਾਨਵਰਾਂ ਦੀਆਂ ਅਵਾਜਾਂ, ਉੱਘੇ ਵਿਅਕਤੀਆਂ ਦੇ ਭਾਸ਼ਣ ਅਤੇ ਜਾਣੇ-ਪਛਾਣੇ ਫਿਲਮੀ ਅਦਾਕਾਰਾਂ ਦੀ ਵਾਰਤਾਲਾਪ ਤੇ ਅਦਾਕਾਰੀ ਦੀ ਢੁੱਕਵੀ ਨਕਲ ਪੇਸ਼ ਕੀਤੀ ਜਾ ਸਕਦੀ ਹੈ।
- ਨਕਲ ਦੀ ਪ੍ਰਤਿਭਾ, ਆਵਾਜ਼ਾਂ ਦੀ ਵੰਨਗੀ ਅਤੇ ਕਾਬਲੀਅਤ ਦੀ ਸੁਮੱਚੀ ਪੇਸ਼ਕਾਰੀ ਦੇ ਨਿਰਣੇ ਦਾ ਆਧਾਰ ਹੋਵੇਗੀ।

## 18. ਲੋਕ-ਸਾਜ਼ਾਂ ਦੀ ਪੇਸ਼ਕਾਰੀ (ਫੋਕ ਆਰਕੈਸਟਰਾ):

- ਹਰੇਕ ਯੂਨੀਵਰਸਿਟੀ ਲੋਕ ਸਾਜ ਮੁਕਾਬਲੇ ਵਿੱਚ ਇੱਕ ਟੀਮ ਭੇਜੇਗੀ।ਭਾਗੀਦਾਰਾਂ ਦੀ ਗਿਣਤੀ 10-12 ਅਤੇ 3 ਸਾਜਿੰਦੇ ਹੋ ਸਕਦੇ ਹਨ।
- ਸਟੇਜ ਸੈਟਿੰਗ ਲਈ ਵੱਧ ਤੋਂ ਵੱਧ 15 ਮਿੰਟ ਦਾ ਸਮਾਂ ਦਿੱਤਾ ਜਾਵੇਗਾ।
- ਸਮੇਂ ਦੀ ਹੱਦ ਵੱਧ ਤੋਂ ਵੱਧ 8 ਤੋਂ 10 ਮਿੰਟ ਦੀ ਹੋਵੇਗੀ।
- ਮੁਕਾਬਲੇ ਵਿੱਚ ਲੋਕ ਸਾਜ ਜਿਵੇਂ ਕਿ ਤੂੰਬੀ, ਸਾਰੰਗੀ, ਅਲਗੋਜੇ, ਵੰਝਲੀ, ਤੂੰਬਾ, ਢੱਡ, ਢੋਲਕ, ਢੋਲਕੀ, ਘੜਾ, ਚਿਮਟਾ, ਡੱਫਲੀ, ਸੱਪ, ਕਾਟੋ, ਗੜਵਾ, ਹਮੇਲ, ਖੜਤਾਲ, ਬੀਨ, ਸ਼ੰਖ, ਨਗਾਰਾ ਆਦਿ ਲੋਕ ਸਾਜ ਵਰਤੇ ਜਾ ਸਕਦੇ।
- ਭਾਗੀਦਾਰਾਂ ਦਾ ਪਹਿਰਾਵਾ ਉਨ੍ਹਾਂ ਤੇ ਸਭਿਆਚਾਰ ਦੇ ਮੁਤਾਬਿਕ ਹੋਣਾ ਚਾਹੀਦਾ ਹੈ। ਸਹਿਯੋਗੀ ਕਲਾਕਾਰਾਂ ਦਾ ਪਹਿਰਾਵਾ ਪ੍ਰਤੀਯੋਗੀਆਂ ਦੇ ਪਹਿਰਾਵੇ ਤੋਂ ਵੱਖਰਾ ਹੋਵੇਗਾ।
- ਨਿਰਣਾ ਸਾਜਾਂ ਦੀ ਚੋਣ, ਲੋਕ ਧੁਨਾਂ ਦੀ ਪੇਸ਼ਕਾਰੀ, ਸੁਰਤਾਲ, ਵਿਵਿਧਤਾ ਅਦਾਕਾਰੀ ਅਤੇ ਪਹਿਰਾਵੇ ਨੂੰ ਤਰਜੀਹ ਨਹੀਂ ਦਿੱਤੀ ਜਾਵੇਗੀ।

## 19. ਗਜ਼ਲ:-

- ਹਰੇਕ ਯੂਨੀਰਸਿਟੀ 01 ਪ੍ਰਤੀਯੋਗੀ ਭੇਜੇਗੀ।
- ਸਮਾਂ ਹੱਦ 04 ਤੋਂ 06 ਮਿੰਟ ਹੋਵੇਗੀ।
- ਹਾਰਮੋਨੀਅਮ ਦੀ ਵਰਤੋਂ ਦੀ ਇਜ਼ਾਜਤ ਹੈ।
- ਸਹਿਯੋਗੀਆ ਦੀ ਗਿਣਤੀ 03 ਹੋ ਸਕਦੀ ਹੈ।
- ਗਜ਼ਲ ਦਾ ਵਿਸ਼ਾ ਅਸਲੀਲ ਨਹੀਂ ਹੋਣਾ ਚਾਹੀਦਾ ਅਤੇ ਫਿਲਮੀ ਰਿਕਾਰਡਡ ਧੁਨਾਂ ਤੇ ਗਾਇਆ ਜਾਵੇਗਾ।ਗੈਰ ਫਿਲਮੀ ਰਿਕਾਰਡਡ ਧੁਨਾਂ ਉਪਰ ਗਾਉਣ ਦੀ ਆਗਿਆ ਹੈ।

20 . **ਸਮੂਹ ਸ਼ਬਦ:**

- ਹਰੇਕ ਯੂਨੀਰਸਿਟੀ 01 ਟੀਮ ਭੇਜ ਸਕਦੀ ਹੈ, ਜਿਸ ਵਿੱਚ 06 ਪ੍ਰਤੀਯੋਗੀ ਸ਼ਾਮਲ ਹੋ ਸਕਦੇ ਹਨ।
- ਸਮਾਂ ਹੱਦ 08 ਤੋਂ 10 ਮਿੰਟ ਹੋਵੇਗੀ।
- ਸ਼ਬਦ ਗਾਇਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਦੀਆਂ ਗਾਇਣ ਸੈਲੀਆ ਅਨੁਸਾਰ ਹੋਣਾ ਚਾਹੀਦਾ ਹੈ।ਫਿਲਮੀ ਧੁਨਾਂ ਤੇ ਗਾਉਣ ਦੀ ਮਨਾਹੀ ਹੈ।
- ਪੇਸ਼ਕਾਰੀ ਦੇ ਨਿਰਣੇ ਲਈ ਸੁਰ,ਤਾਲ ਅਤੇ ਸਮੁੱਚੇ ਪ੍ਰਭਾਵ ਨੂੰ ਪ੍ਰਮੁੱਖਤਾ ਦਿੱਤੀ ਜਾਵੇਗੀ।

21 .ਸਕਿੱਟ:(ਕੇਵਲ ਪੰਜਾਬੀ ਭਾਸ਼ਾ ਵਿੱਚ)

- ਹਰੇਕ ਯੂਨੀਵਰਸਿਟੀ ਇੱਕ ਟੀਮ ਭੇਜ ਸਕਦੀ ਹੈ, ਜਿਸ ਵਿੱਚ 06 ਪ੍ਰਤੀਯੋਗੀ ਸ਼ਾਮਲ ਹੋ ਸਕਦੇ ਹਨ।
- ਸਮਾਂ ਸੀਮਾ 08-10 ਮਿੰਟ ਹੋਵੇਗੀ।
- ਪਿੱਠਵਰਤੀ ਸੰਗੀਤ ਲਾਈਵ ਜਾਂ ਰਿਕਾਰਡਡ ਹੋ ਸਕਦਾ ਹੈ।
- ਸਕਿੱਟ ਵਿਅੰਗਾਤਮਕ ਅਤੇ ਹਾਸਰਸ ਭਰਪੂਰ ਹੋਣੀ ਚਾਹੀਦੀ ਹੈ। ਕਿਸੇ ਵਿਅਕਤੀ ਵਿਸੇਸ਼ ਤੇ ਟਿੱਕਾ

  ਟਿੱਪਣੀ, ਤੋਹਮਤ ਬਾਜੀ, ਚਰਿਤਰ ਘਾਣ ਕਰਨ ਅਤੇ ਅਸਲੀਲਤਾਂ ਦੀ ਇਜ਼ਾਜਤ ਨਹੀਂ ਹੈ।
- ਨਿਰਣਾ ਉਚਿੱਤ ਵਿਸੇ ਵਸਤੂ ਦੀ ਚੋਣ ਅਦਾਕਾਰੀ, ਰੂਪ ਸੱਜਾ, ਸਮੁੱਚੀ ਰੂਪਰੇਖਾ ਅਤੇ ਪ੍ਰਭਾਵ ਤੇ ਆਧਾਰਤ ਹੋਵੇਗੀ।

22. ਵਿਰਾਸਤੀ ਪ੍ਰਸ਼ਨੋਤਰੀ (Heritage Quiz)

- ਹਰੇਕ ਯੂਨੀਵਰਸਿਟੀ ਇੱਕ ਟੀਮ ਭੇਜੇਗੀ।
- ਭਾਗੀਦਾਰਾਂ ਦੀ ਵੱਧ ਤੋਂ ਵੱਧ 3 ਹੋ ਸਕਦੀ ਹੈ।
- ਸਵਾਲ ਪੰਜਾਬੀ ਵਿਰਸੇ ਨਾਲ ਸਬੰਧਤ ਹੋਣਗੇ।
- ਹਰੇਕ ਟੀਮ ਨੂੰ ਜਵਾਬ ਦੇਣ ਲਈ ਵੱਧ ਤੋਂ ਵੱਧ ਸਮਾਂ 15 ਸੈਕਿੰਡ ਦਿੱਤਾ ਜਾਵੇਗਾ।
- ਟੀਮ ਵਲੋਂ ਦਿੱਤਾ ਜਵਾਬ ਅੰਤਿਮ ਮੰਨਿਆ ਜਾਵੇਗਾ।
- ਅਣਬੁੱਝਿਆ ਸਵਾਲ ਅਗਲੀ ਟੀਮ ਨੂੰ ਪਾਸ ਕੀਤਾ ਜਾਵੇਗਾ। ਪਾਸ ਸਵਾਲ ਦੀ ਵਿੱਧੀ ਅਤੇ ਅੰਕ ਕੁਈਜ਼ ਮਾਸਟਰ ਤੈਅ ਕਰੇਗਾ।
- ਟੀਮਾਂ ਬਰਾਬਰ ਰਹਿੱਣ ਦੀ ਸੂਰਤ ਵਿੱਚ ਕੁੱਝ ਹੋਰ ਸਵਾਲ ਦਿੱਤੇ ਜਾਣਗੇ।
- ਕਿਸੇ ਸਵਾਲ/ਜਵਾਬ ਦੀ ਅਸੱਪਟਤਾਂ/ਅਨਿਸ਼ਚਤਤਾ ਦੀ ਸੂਰਤ ਵਿੱਚ ਕੁਈਜ਼ ਮਾਸਟਰ ਫੈਸਲਾ ਲਵੇਗਾ।
- ਜੇਕਰ ਕੁੱਲ ਟੀਮਾਂ ਦੀ ਗਿਣਤੀ 6 ਤੋਂ ਵੱਧ ਹੁੰਦੀ ਹੈ ਤਾਂ ਪਹਿਲਾਂ ਲਿਖਤੀ ਪ੍ਰੀਖਿਆ ਲਈ ਜਾਵੇਗੀ।
- ਕੁਈਜ਼ ਮਾਸਟਰ ਦਾ ਫੈਸਲਾ ਅੰਤਿਮ ਹੋਵੇਗਾ।

23. **ਵਿਰਾਸਤੀ ਕਲਾਵਾਂ:**

ਭਾਗੀਦਾਰਾਂ ਵੱਲੋਂ ਮੁਕਾਬਲੇ ਵਿੱਚ ਵਰਤਿਆ ਜਾਣ ਵਾਲਾ ਸਮਾਨ ਆਪਣੇ ਪੱਧਰ ਤੇ ਲਿਆਂਦਾ ਜਾਵੇਗਾ। ਬਣਾਈਆ ਗਈ ਵਸਤਾਂ ਵਿਭਾਗ ਕੋਲ ਰਿਕਾਰਡ ਹਿੱਤ ਜਮ੍ਹਾਂ ਰਹਿਣਗੀਆ।

ੳ) <u>ਕਢਾਈ (ਬਾਗ ਅਤੇ ਫੁਲਕਾਰੀ):</u>

- ਹਰ ਯੂਨੀਵਰਸਿਟੀ ਇੱਕ ਪ੍ਰਤੀਯੋਗੀ ਭੇਜ ਸਕਦੀ ਹੈ। ਬਾਗ ਅਤੇ ਫੁਲਕਾਰੀ ਦੇ ਮੁਕਾਬਲੇ ਅਲੱਗ ਅਲੱਗ ਕਰਵਾਏ ਜਾਣਗੇ।
- ਸਮਾਂ 2:30 ਘੰਟੇ ਦਾ ਹੋਵਗਾ।
- ਕੱਪੜੇ ਦੀ ਸਤਹ ਤੇ ਕੋਈ ਨਮੂਨਾ ਪਹਿਲਾਂ ਉਲੀਕਿਆ ਨਾ ਹੋਵੇ। ਕੇਵਲ ਖੱਦਰ ਦੇ ਕੱਪੜੇ ਦੀ ਵਰਤੋਂ ਕੀਤੀ ਜਾਵੇ।
- ਕਢਾਈ ਸਮੇਂ ਫਰੇਮ ਦੀ ਵਰਤੋਂ ਮਨਾ ਹੈ।
- ਨਿਰਣਾ, ਕਢਾਈ ਦੀ ਸ਼ੈਲੀ, ਰੰਗਾਂ ਦੀ ਚੋਣ ਅਤੇ ਕਢਾਈ ਦੀ ਪ੍ਰਬੀਨਤਾ ਦੇ ਆਧਾਰ ਤੇ ਹੋਵੇਗਾ।
- ਕੱਪੜਾ 1.5x1.5 ਫੁੱਟ ਚੌਕੋਰ ਇਸਤੇਮਾਲ ਕੀਤਾ ਜਾਵੇ ਅਤੇ ਚੁਫੇਰੇ ਤੋਂ ਲੇੜ੍ਹ ਕੇ ਨਾ ਲਿਆਂਦਾ ਜਾਵੇ। ਉੱਨ ਦੇ ਧਾਗੇ ਦੀ ਮਨਾਹੀ ਹੈ।
- ਬਾਗ, ਫੁੱਲਕਾਰ, ਚੌਪ ਅਤੇ ਕਸੀਦਾਕਾਰੀ ਦੀ ਕਢਾਈ ਸਮੇਂ ਕਢਾਈ ਦੀ ਸ਼ੈਲੀ ਵੱਖੋ-ਵੱਖਰੀ ਅਤੇ ਤੋਪੇ ਦੀ ਵਿਸ਼ੇਸ਼ ਵਰਤੋਂ ਦਾ ਧਿਆਨ ਰੱਖਿਆ ਜਾਵੇ।

ਅ) <u>ਪੱਖੀ ਬੁਣਨਾ:</u>

- ਹਰ ਯੂਨੀਵਰਸਿਟੀ ਇੱਕ ਪ੍ਰਤੀਯੋਗੀ ਭੇਜ ਸਕਦੀ ਹੈ।
- ਸਮਾਂ 2:30 ਘੰਟੇ ਦਾ ਹੋਵੇਗਾ।
- ਪੱਖੀ ਦਾ ਫਰੇਮ ਖਾਲੀ ਲਿਆਂਦਾ ਜਾਵੇ ਅਤੇ ਕੇਵਲ ਸੂਤੀ ਅਤੇ ਉੂੰਨ ਦੇ ਧਾਗੇ ਦੀ ਵਰਤੋਂ ਕੀਤੀ ਜਾਵੇ।
- ਬਣਾਈ ਸਮੇਂ ਕਿਸੇ ਬਣੇ ਬਣਾਏ ਬਾਜਾਰੀ ਨਮੂਨੇ ਦੀ ਟਿੱਕੀ ਜਾਂ ਝਾਲਰ ਆਦਿ ਦੀ ਵਰਤੋਂ ਮਨਾ ਹੋਵੇਗੀ।
- ਨਿਰਣਾ, ਬੁਣਤੀ ਦੀ ਬਾਰੀਕੀ ਰੰਗਾਂ ਦੀ ਚੋਣ ਅਤੇ ਬੁਣਤੀ ਵਿੱਚ ਨਮੂਨੇ ਦੀ ਪ੍ਰਬੀਨਤਾ ਦੇ ਆਧਾਰ ਤੇ ਹੋਵੇ।
- ਮੁੰਕਮਲ ਪੱਖੀ ਨੂੰ ਹੀ ਮੁਕਾਬਲੇ ਲਈ ਵਿਚਾਰਿਆ ਜਾਵੇਗਾ।

ੲ) <u>ਨਾਲਾ ਬੁਣਨਾ:</u>

- ਹਰ ਯੂਨੀਵਰਸਿਟੀ ਇੱਕ ਪ੍ਰਤੀਯੋਗੀ ਭੇਜ ਸਕਦੀ ਹੈ।
- ਸਮਾਂ 2:30 ਘੰਟੇ ਦਾ ਹੋਵੇਗਾ।
- ਪ੍ਰਤੀਯੋਗੀ ਮੌਕੇ ਤੇ ਤਾਣਾ ਤਣੇਗਾ।
- ਪ੍ਰਤੀਯੋਗੀ ਦੁਆਰਾ ਨਿਸ਼ਚਿਤ ਸਮੇਂ ਦੌਰਾਨ ਨਾਲੇ ਦੀ ਵੱਧ ਤੋਂ ਵੱਧ ਕੀਤੀ ਬੁਣਤੀ ਨਾਲ-ਨਾਲ ਦੇ ਸਿਰੇ ਉੱਤੇ ਬੰਬਲ, ਮਣਕਾ ਅਤੇ ਹਰੜ ਦਾ ਮੁਕੰਮਲ ਕਰਨਾ ਜਰੂਰੀ ਹੋਵੇਗਾ।ਕੇਵਲ ਰੇਸ਼ਮੀ ਧਾਗੇ ਅਤੇ ਸੂਤੀ ਧਾਗੇ ਦੀ ਵਰਤੋਂ ਦੀ ਆਗਿਆ ਹੈ।
- ਬਾਹਰੀ ਵਸਤੂਆ ਨਾਲ ਸਜਾਵਟ ਦੀ ਮਨਾਹੀ ਹੋਵੇਗੀ।
- ਅੱਡੇ ਦੀ ਵਰਤੋਂ ਦੀ ਇਜਾਜਤ ਹੈ, ਜੋ ਕਿ ਭਾਗੀਦਾਰ ਹੀ ਲੈ ਕੇ ਆਵੇਗਾ।

ਸ) **<u>ਗੁੱਡੀਆਂ ਪਟੋਲੇ ਬਣਾਉਣਾ:</u>**

- ਹਰ ਯੂਨੀਵਰਸਿਟੀ ਇੱਕ ਪ੍ਰਤੀਯੋਗੀ ਭੇਜ ਸਕਦੀ ਹੈ।
- ਸਮਾਂ 2:30 ਘੰਟੇ ਦਾ ਹੋਵੇਗਾ।
- ਗੱਡੇ-ਗੁੱਡੀਆਂ ਜਾਂ ਪਸ਼ੂ-ਪੰਛੀ, ਜਾਨਵਰ ਆਦਿ ਬਣਾਉਣ ਲਈ ਕੇਵਲ ਲੀਰਾਂ, ਮੋਤੀ, ਗੋਟਾ, ਰੀਬਨ, ਸੂਈ ਧਾਗੇ ਅਤੇ ਕੈਂਚੀ ਦੀ ਵਰਤੋਂ ਕਰਨ ਲਈ ਖੁੱਲ ਹੋਵੇਗੀ।
- ਗੁੱਡੇ-ਗੁੱਡੀਆਂ ਜਾਂ ਪਸ਼ੂ-ਪੰਛੀ, ਜਾਨਵਰ ਆਦਿ ਦੀ ਆਕ੍ਰਿਤੀ ਦਾ ਸਾਈਜ 2 ਇੰਚ ਤੋਂ ਛੋਟਾ ਸਵੀਕਾਰ ਨਹੀਂ ਕੀਤਾ ਜਾਵੇਗਾ।ਸੁਰੇਸ਼, ਫੈਵੀਕੋਲ, ਕਿੱਲ ਸੈਲੋ ਟੇਪ ਜਾਂ ਰਬੜ ਆਦਿ ਦੀ ਵਰਤੋਂ ਮਨਾ ਹੋਵੇਗੀ।
- ਗੋਟਾ ਸਾਧਾਰਨ ਹੋਣਾ ਚਾਹੀਦਾ ਹੈ। ਕਿਰਨ ਗੋਟਾ/ਲੈਸ ਦੀ ਵਰਤੋਂ ਦੀ ਮਨਾਹੀ ਹੋਵੇਗੀ।
- ਰਾਜਸਥਾਨੀ ਗਹਿਣਿਆ ਦੀ ਵਰਤੋਂ ਦੀ ਮਨਾਹੀ ਹੈ।

ਹ) <u>ਛਿੱਕੂ ਬਣਾਉਣਾ:</u>

- ਹਰ ਯੂਨੀਵਰਸਿਟੀ ਇੱਕ ਪ੍ਰਤੀਯੋਗੀ ਭੇਜ ਸਕਦੀ ਹੈ।
- ਸਮਾਂ 2:30 ਘੰਟੇ ਦਾ ਹੋਵੇਗਾ।
- ਛਿੱਕੂ ਦਾ ਮੁੱਢ ਮੌਕੇ ਤੇ ਹੀ ਬੰਨਿਆ ਜਾਵੇ।
- ਤਿੰਨ ਇੰਚ ਤੋਂ ਛੋਟਾ ਛਿੱਕੂ ਸਵੀਕਾਰ ਨਹੀਂ ਕੀਤਾ ਜਾਵੇਗਾ।ਗੋਲਾਈ ਸੰਪੂਰਨ ਹੋਵੇ।
- ਉੱਨ ਦਾ ਧਾਗਾ ਵਰਤਣ ਦੀ ਮਨਾਹੀ ਹੋਵੇਗੀ।

ਕ) <u>ਪਰਾਂਦਾ ਬਣਾਉਣਾ:</u>

- ਹਰ ਯੂਨੀਵਰਸਿਟੀ ਇੱਕ ਪ੍ਰਤੀਯੋਗੀ ਭੇਜ ਸਕਦੀ ਹੈ।
- ਸਮਾਂ 2:30 ਘੰਟੇ ਦਾ ਹੋਵੇਗਾ।
- ਪਰਾਂਦਾ ਬਣਾਉਣ ਲਈ ਅੱਟੀ ਜਾਂ ਗੋਲੇ ਦਾ ਧਾਗਾ ਜਾਂ ਬਾਰੀਕ ਰੇਸ਼ਮੀ ਧਾਗਾ ਹੀ ਇਸਤੇਮਾਲ ਕੀਤਾ ਜਾਵੇ।
- ਤਿੰਨ ਲੜਾਂ ਵਾਲਾ ਪਰਾਂਦਾ ਹੀ ਪ੍ਰਤੀਯੋਗਤਾ ਲਈ ਪ੍ਰਵਾਨ ਹੋਵੇਗਾ।

- ਪਹਿਲਾਂ ਬਣਾ ਕੇ ਲਿਆਂਦੇ ਫੁੰਮਣ, ਫੂੰਦੇ , ਚਉਰ, ਕੌਡੀਆਂ ਜਾਂ ਮਟਰ ਮਣਕੇ ਆਦਿ ਵਰਤੋਂ ਮਨਾ ਹੈ।
- ਨਿਰਣਾ, ਪਰਾਂਦੇ ਦੇ ਥੱਲੇ ਬਣੇ ਨਮੂਨੇ, ਲੜੀਆਂ ਦੀ ਇਕਸਾਰਤਾ, ਨਮੂਨੇ ਦੀ ਸੁੰਦਰ ਦਿੱਖ ਅਤੇ ਪਰਾਂਦੇ ਦੀ ਗੁਣਵੱਤਾ ਤੇ ਅਧਾਰਿਤ ਹੋਵੇਗਾ।
- ਪਰਾਂਦਾ ਬਣਾਉਣ ਲਈ ਸਮੱਗਰੀ ਪ੍ਰਤੀਯੋਗੀ ਆਪਣੀ ਪੱਧਰ ਤੇ ਲੈ ਕੇ ਆਵੇਗਾ।
- ਘੱਟੋ ਘੱਟ ਲੰਬਾਈ 22 ਇੰਚ ਅਤੇ ਵੱਧ ਤੋਂ ਵੱਧ 27 ਇੰਚ ਹੋਵੇ।
- ਝਾਂਲਰ 3 ਇੰਚ ਹੋਣੀ ਚਾਹੀਦੀ ਹੈ।
- ਢੇਡੂ ਜ਼ਿਆਦਾ ਵੱਡੇ ਨਾ ਹੋਣ।ਹਰੇਕ ਵੰਗੜੀ ਇਕੋ ਸਾਈਜ਼ ਦੀ ਹੋਵੇ।

ਖ) ਕਰੋਸ਼ੀਆ:

- ਹਰੇਕ ਯੂਨੀਵਰਸਿਟੀ ਇੱਕ ਪ੍ਰਤੀਯੋਗੀ ਭੇਜ ਸਕਦੀ ਹੈ।
- ਸਮਾਂ 2.30 ਘੰਟੇ ਦਾ ਹੋਵੇਗਾ।
- ਕਰੋਸ਼ੀਏ ਦੀ ਬੁਣਤੀ ਸਮੇਂ ਬਰੀਕ ਸੂਤੀ ਧਾਗੇ ਦੀ ਹੀ ਵਰਤੋਂ ਕੀਤੀ ਜਾਵੇਗੀ।
- ਉੱਨ ਦਾ ਧਾਗਾ ਵਰਤਣ ਦੀ ਮਨਾਹੀ ਹੋਵੇਗੀ।
- ਬੁਣਤੀ ਵਿੱਚ ਰੁਮਾਲੀ, ਝਾਲਰ, ਪੱਟੀ, ਮੇਜ-ਪੋਸ ਆਦਿ ਕਿਸੇ ਵੀ ਘਰੇਲੂ ਵਰਤੋਂ ਵਾਲੇ ਨਮੂਨੇ ਦਾ ਜਾਲ ਬੁਣਿਆ ਜਾ ਸਕਦਾ ਹੈ।
- ਪਹਿਲਾਂ ਬਣਾ ਕੇ ਲਿਆਂਦੇ ਫੁੰਮਣ, ਫੂੰਦੇ ਜਾਂ ਮੂੰਗਰੇ ਆਦਿ ਦੀ ਵਰਤੋਂ ਕਰਨ ਦੀ ਮਨਾਹੀ ਹੋਵੇਗੀ।
- ਨਿਰਣਾ, ਬੁਣਤੀ ਦੀ ਬਾਰੀਕਬੀਨੀ, ਨਮੂਨੇ ਦੀ ਵਿਲੱਖਣ ਵੰਨਗੀ ਅਤੇ ਪ੍ਰਬੀਨਤਾ ਦੇ ਅਧਾਰ ਤੇ ਕੀਤਾ ਜਾਵੇਗਾ।

ਗ) ਪੀੜੀ ਬੁਣਨਾ:

- ਹਰੇਕ ਯੂਨੀਵਰਸਿਟੀ ਇੱਕ ਪ੍ਰਤੀਯੋਗੀ ਭੇਜ ਸਕਦੀ ਹੈ।
- ਸਮਾਂ: 2 ਘੰਟੇ 30 ਮਿੰਟ ਦਾ ਹੋਵੇਗਾ।
- ਮੱਲ ਮੌਕੇ ਤੇ ਹੀ ਬੰਨਿਆ ਜਾਵੇ।
- ਪੀੜੀ ਦੀ ਬੁਣਾਈ ਕੇਵਲ ਸਣ ਦੇ ਵਾਣ,ਮੋਟਾ ਸੂਤ ਜਾਂ ਮੁੰਜ ਦਾ ਵਾਣ ਹੀ ਵਰਤਿਆ ਜਾਵੇ।
- ਮੱਲ ਪਾਉਣ ਦੇ ਵੱਖਰੇ ਅੰਕ ਹੋਣਗੇ।
- ਪੀੜੀ ਦਾ ਸਾਈਜ ਘੱਟੋ ਘੱਟ 1×1 ਫੁੱਟ ਹੋਣਾਂ ਚਾਹੀਦਾ ਹੈ

ਘ) ਈਨੂ (ਬਿੰਨੂ):

- ਹਰੇਕ ਯੂਨੀਵਰਸਿਟੀ ਇੱਕ ਪ੍ਰਤੀਯੋਗੀ ਭੇਜ ਸਕਦੀ ਹੈ।
- ਸਮਾਂ: 2 ਘੰਟੇ 30 ਮਿੰਟ ਦਾ ਹੋਵੇਗਾ।
- ਈਨੂੰ ਦਾ ਵਿਚਕਾਰਲਾ ਗੋਲਾ 3 ਇੰਚ ਤੋਂ 6 ਇੰਚ ਦੇ ਵਿੱਚ ਹੋਵੇ।
- ਲੀਰਾਂ ਗੋਟਾ ਆਦਿ ਵਰਤਣ ਦੀ ਆਗਿਆ ਹੋਵੇਗੀ।
- ਕੇਵਲ ਕੱਪੜੇ ਦੀ ਲੀਰਾਂ ਦੀ ਵਰਤੋਂ ਹੀ ਕੀਤੀ ਜਾਵੇ।

**ਚ)** ਟੋਕਰੀ ਬਣਾਉਣਾ:

- ਹਰੇਕ ਯੂਨੀਵਰਸਿਟੀ ਇੱਕ ਪ੍ਰਤੀਯੋਗੀ ਭੇਜ ਸਕਦੀ ਹੈ।
- ਸਮਾਂ: 2 ਘੰਟੇ 30 ਮਿੰਟ ਦਾ ਹੋਵੇਗਾ।
- ਕੇਵਲ ਤੂਤ ਦੀਆ ਛਟੀਆਂ ਦੀ ਹੀ ਵਰਤੋਂ ਕੀਤੀ ਜਾਵੇ।
- ਟੋਕਰੀ ਦਾ ਮੁੱਢ ਮੌਕੇ ਤੇ ਹੀ ਬੰਨਿਆ ਜਾਵੇ ਅਤੇ ਟੋਕਰੀ ਦੇ ਉਪਰਲੇ ਸਿਰੇ ਤੇ ਮੁੱਠਾ ਬੰਨਣਾ ਜਰੂਰੀ ਹੋਵੇਗਾ।
- ਨਿਰਣਾ ਟੋਕਰੀ ਦੀ ਗੋਲਾਈ,ਪੀਡੀ ਬਣਤਰ ਅਤੇ ਮੁੱਠੇ ਦੀ ਪ੍ਰਬੀਨਤਾ ਦੇ ਆਧਾਰ ਤੇ ਹੋਵੇਗਾ।
- ਟੋਕਰੀ ਦਾ ਅਧਾਰ ਘੱਟੋ-ਘੱਟ ਇੱਕ ਫੁੱਟ ਅਤੇ ਗੋਲਾਈ ਡੇਡ ਫੁੱਟ ਹੋਣੀ ਚਾਹੀਦੀ ਹੈ।

## 27. ਫਾਈਨ ਆਰਟਸ (ਸਮਾਂ 2:30 ਘੰਟੇ):

ੳ) ਮੌਕੇ ਤੇ ਚਿੱਤਰਕਾਰੀ:

- ਹਰ ਯੂਨੀਵਰਸਿਟੀ ਇੱਕ ਪ੍ਰਤੀਯੋਗੀ ਭੇਜ ਸਕਦੀ ਹੈ।
- ਸਮਾਂ 2:30 ਘੰਟੇ ਹੋਵੇਗਾ।
- ਚਿੱਤਰਕਾਰੀ ਦਾ ਵਿਸ਼ਾ ਜੱਜਾਂ ਵੱਲੋਂ ਮੌਕੇ ਤੇ ਦਸਿੱਆ ਜਾਵੇਗਾ।

- ਪ੍ਰਤੀਯੋਗੀ ਪੇਂਟਿੰਗ ਲਈ ਵਰਤਨ ਲਈ ਸਮਾਨ ਜਿਵੇਂ ਕਿ ਕਾਗਜ, ਬੁਰਸ਼ ਰੰਗ ਅਤੇ ਡਰਾਇੰਗ ਬੋਰਡ ਆਦਿ ਖੁਦ ਲੈ ਕੇ ਆਉਣਗੇ।
- ਪੇਂਟਿੰਗ ਦਾ ਆਕਾਰ 22 ਇੰਚ ×14 ਇੰਚ ਦਾ ਹੋਵੇਗਾ।

ਅ) <u>ਕੋਲਾਜ ਬਣਾਉਣਾ:</u>

- ਹਰ ਯੂਨੀਵਰਸਿਟੀ ਇੱਕ ਪ੍ਰਤੀਯੋਗੀ ਭੇਜ ਸਕਦੀ ਹੈ।
- ਸਮਾਂ 2:30 ਘੰਟੇ ਹੋਵੇਗਾ।
- ਕੋਲਾਜ ਬਣਾਉਣ ਦਾ ਵਿਸ਼ਾ ਜੱਜਾਂ ਵੱਲੋਂ ਮੌਕੇ ਤੇ ਦਸਿੱਆ ਜਾਵੇਗਾ।
- ਪ੍ਰਤੀਯੋਗੀ ਸਾਰਾ ਸਮਾਨ ਆਪ ਲੈ ਕੇ ਅਵੇਗਾ।
- ਕੋਲਾਜ ਦਾ ਆਕਾਰ 22 ਇੰਚ ×14 ਇੰਚ ਦਾ ਹੋਵੇਗਾ।

ੲ) <u>ਪੋਸਟਰ ਬਣਾਉਣਾ:(12"×14")</u>

- ਹਰ ਯੂਨੀਵਰਸਿਟੀ ਇੱਕ ਪ੍ਰਤੀਯੋਗੀ ਭੇਜ ਸਕਦੀ ਹੈ।
- ਸਮਾਂ 2:30 ਘੰਟੇ ਹੋਵੇਗਾ।
- ਪੋਸਟਰ ਬਣਾਉਣ ਦਾ ਵਿਸ਼ਾ ਜੱਜਾਂ ਵੱਲੋਂ ਮੌਕੇ ਤੇ ਦਸਿੱਆ ਜਾਵੇਗਾ।
- ਪ੍ਰਤੀਯੋਗੀ ਸਾਰਾ ਸਮਾਨ ਆਪ ਲੈ ਕੇ ਅਵੇਗਾ।

**ਸ**) <u>ਕਾਰਟੂਨਿੰਗ:</u>

- ਹਰ ਯੂਨੀਵਰਸਿਟੀ ਇੱਕ ਪ੍ਰਤੀਯੋਗੀ ਭੇਜ ਸਕਦੀ ਹੈ।
- ਸਮਾਂ 2:30 ਘੰਟੇ ਹੋਵੇਗਾ।
- ਆਇਟਮ ਦਾ ਵਿਸ਼ਾ ਜੱਜਾਂ ਵੱਲੋਂ ਮੌਕੇ ਤੇ ਦਸਿੱਆ ਜਾਵੇਗਾ।
- ਪ੍ਰਤੀਯੋਗੀ ਸਾਰਾ ਸਮਾਨ ਆਪ ਲੈ ਕੇ ਅਵੇਗਾ।
- ਪੇਪਰ ਦਾ ਆਕਾਰ 22 ਇੰਚ×14 ਇੰਚ ਦਾ ਹੋਵੇਗਾ।

**ਕ**) <u>ਰੰਗੋਲੀ: (4'×4')</u>

- ਹਰ ਯੂਨੀਵਰਸਿਟੀ ਇੱਕ ਪ੍ਰਤੀਯੋਗੀ ਭੇਜ ਸਕਦੀ ਹੈ।
- ਸਮਾਂ 2:30 ਘੰਟੇ ਹੋਵੇਗਾ।
- ਆਇਟਮ ਦਾ ਵਿਸ਼ਾ ਜੱਜਾਂ ਵੱਲੋਂ ਮੌਕੇ ਤੇ ਦਸਿੱਆ ਜਾਵੇਗਾ।
- ਪ੍ਰਤੀਯੋਗੀ ਸਾਰਾ ਸਮਾਨ ਆਪ ਲੈ ਕੇ ਅਵੇਗਾ। ਸਟੈਨਸਿੱਲ, ਫੁੱਟਾ, ਧਾਗਾ ਆਦਿ ਸਮੱਗਰੀ ਵਰਤਣ ਦੀ ਇਜਾਜਤ ਨਹੀਂ ਹੈ।
- ਭਾਵਨਾਵਾ ਪ੍ਰਗਟਾਉਣ ਦਾ ਮਾਧਿਅਮ, ਚਿੱਤਰਮਈ, ਰੰਗਾਂ ਦੀ ਵਿਸੇ ਅਨੁਸਾਰ ਚੋਣ ਅਤੇ ਪ੍ਰਤੀਕਾਤਮਿਕ ਹੋ ਸਕਦਾ ਹੈ।

**ਖ**. ਸਟਿੱਲ ਲਾਈਫ :<u>(12'×14')</u>

- ਹਰ ਯੂਨੀਵਰਸਿਟੀ ਇੱਕ ਪ੍ਰਤੀਯੋਗੀ ਭੇਜ ਸਕਦੀ ਹੈ।
- ਸਮਾਂ 2:30 ਘੰਟੇ ਹੋਵੇਗਾ।
- ਥੀਮ ਜੱਜਾਂ ਵਲੋਂ ਦਿੱਤਾ ਜਾਵੇਗਾ।
- ਸਮਾਨ ਭਾਗੀਦਾਰ ਨਾਲ ਲੈ ਕੇ ਆਉਣਗੇ।

## ਯੋਗਤਾ:

1. ਭਾਗੀਦਾਰ ਯੂਨੀਵਰਸਿਟੀ ਜਾਂ ਉਸ ਨਾਲ ਸਬੰਧਤ ਕਾਲਜ ਦਾ ਵਿਦਿਆਰਥੀ ਹੋਣਾ ਚਾਹੀਦਾ ਹੈ।
2. ਸਿਰਫ ਰੈਗੂਲਰ ਵਿਦਿਆਰਥੀ ਹੀ ਭਾਗ ਲੈ ਸਕਦਾ ਹੈ। ਟੀਮਾਂ ਨੂੰ ਯੂਨੀਵਰਸਿਟੀ ਦੇ ਯੁਵਕ ਭਲਾਈ ਵਿਭਾਗ ਵਲੋਂ ਤਸਦੀਕ ਕੀਤਾ ਜਾਵੇਗਾ।
3. ਭਾਗੀਦਾਰ ਸਬੰਧਤ ਯੂਨੀਵਰਸਿਟੀ/ਕਾਲਜ ਦਾ **Bonafide Student** ਹੀ ਹੋਵੇ।
4. ਯੂਨੀਵਰਸਿਟੀ ਪੱਧਰੀ ਯੁਵਕ ਮੇਲਿਆ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਭਾਗੀਦਾਰ/ਟੀਮਾਂ ਹੀ ਰਾਜ ਪੱਧਰੀ ਅੰਤਰ-ਵਰਸਿਟੀ ਯੁਵਕ ਮੇਲੇ ਵਿਚ ਭਾਗ ਲੈਣਗੀਆ।
5. ਭਾਗੀਦਾਰਾਂ ਦੀ ਉਮਰ ਹੱਦ 27 ਸਾਲ ਹੋਵੇਗੀ। **(As on 31-10-2024)**

## ਪਹਿਚਾਣ -ਪੱਤਰ:

ਹਰ ਭਾਗੀਦਾਰ ਕਾਲਜ ਦਾ ਸਨਾਖਤੀ ਕਾਰਡ ਨਾਲ ਲੈ ਕੇ ਆਵੇਗਾ। ਜਿਸ ਉੱਤੇ ਉਸਦੀ ਫੋਟੋ, ਪੂਰਾ ਪਤਾ ਅਤੇ ਸੰਸਥਾ ਆਦਿ ਦਾ ਨਾਂ ਦਰਜ ਹੋਵੇਗਾ। ਭਾਗੀਦਾਰ ਹਰ ਸਮੇਂ ਆਪਣੇ ਕੋਲ ਸਨਾਖਤੀ ਕਾਰਡ ਰੱਖੇਗਾ, ਤਾਂ ਜੋ ਲੋੜ ਪੈਣ ਤੇ ਵੇਖਿਆ ਜਾ ਸਕੇ।

## ਦਾਖਲਾ:

ਅੰਤਰ-ਵਰਸਿਟੀ ਫੈਸਟੀਵਲ ਲਈ ਕੋਈ ਵੀ ਐਂਟਰੀ ਫੀਸ ਨਹੀਂ ਹੋਵੇਗੀ। ਡਾਇਰੈਕਟਰ ਯੁਵਕ ਭਲਾਈ/ਸਟੂਡੈਂਟ ਵੈਲਫੇਅਰ ਇਸ ਫੈਸਟੀਵਲ ਵਿੱਚ ਭਾਗ ਲੈਣ ਲਈ ਸਬੰਧੀ ਯੁਵਕ ਸੇਵਾਵਾਂ ਵਿਭਾਗ ਨੂੰ ਲਿਖਤੀ ਤੌਰ ਤੇ ਸਹਿਮਤੀ ਦੇਣਗੇ। ਐਂਟਰੀ ਫਾਰਮ ਅਨੁਲਾਗ 'ੳ' ਅਨੁਸਾਰ ਫੈਸਟੀਵਲ ਸੁਰੂ ਹੋਣ ਵਾਲੀ ਮਿਤੀ ਨੂੰ ਜਮਾਂ ਕਰਵਾਏ ਜਾਣਗੇ।

## ਕਿਰਾਏ ਸਬੰਧੀ:

ਭਾਗੀਦਾਰਾਂ ਨੂੰ ਸਧਾਰਨ ਬੱਸ/ਰੇਲ ਦਾ ਅਸਲ ਕਿਰਾਇਆ ਜੋ ਵੀ ਘੱਟ ਹੋਵੇਗਾ ਦਿੱਤਾ ਜਾਵੇਗਾ। ਕਿਰਾਏ ਸਬੰਧੀ ਪ੍ਰੋਫਾਰਮਾ 'ਅ' ਤੇ ਨੱਥੀ ਕੀਤਾ ਜਾਂਦਾ ਹੈ।

## ਟੀਮ ਇੰਚਾਰਜ:

ਸਬੰਧਤ ਯੂਨੀਵਰਸਿਟੀਆਂ ਦੀਆਂ ਟੀਮਾਂ ਦੇ ਕੰਨਟੀਜੈਂਟ ਇੰਚਾਰਜ ਡਾਇਰੈਕਟਰ ਯੂਥ ਵੈਲਫੇਅਰ/ਸਟੂਡੈਂਟ ਵੈਲਫੇਅਰ ਹੋਣਗੇ। ਅਨੁਸ਼ਾਸ਼ਨ ਦੀ ਜਿੰਮੇਵਾਰੀ ਟੀਮ ਇੰਚਾਰਜਾਂ ਦੀ ਹੋਵੇਗੀ।

## ਜੱਜ:

ਜੱਜ ਯੁਵਕ ਸੇਵਾਵਾਂ ਪੰਜਾਬ ਵਿਭਾਗ ਵੱਲੋਂ ਨਿਯੁਕਤ ਕੀਤੇ ਜਾਣਗੇ। ਜੱਜ ਆਪਣੀ ਕਲਾ ਦੇ ਮਾਹਿਰ, ਗੈਰ ਵਿਵਾਦਿਤ ਹੋਣਗੇ। ਗਰੁੱਪ ਮੁਕਾਬਲਿਆਂ ਲਈ ਅੰਕ 3-5-7 ਅਨੁਸਾਰ ਦਿੱਤੇ ਜਾਣਗੇ, ਜਦੋਂ ਕਿ ਸੋਲੋ ਮੁਕਾਬਲਿਆਂ ਲਈ 1-3-5 ਅੰਕ ਦਿੱਤੇ ਜਾਣਗੇ। ਜੱਜਾਂ ਨੂੰ ਨਿਯਮਾਂ ਅਨੁਸਾਰ ਮਾਣ-ਭੱਤਾ ਦਿੱਤਾ ਜਾਵੇਗਾ ਅਤੇ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਟੀ.ਏ./ਡੀ.ਏ. ਦਿੱਤਾ ਜਾਵੇਗਾ। ਜੱਜਾ ਦਾ ਫੈਸਲਾ ਅੰਤਿਮ ਹੋਵੇਗਾ।